# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਗੁਰਦੁਆਰਿਆਂ ਦੀ ਸਿੱਖਿਆ ਤੇ ਖੋਜ ਦੇ ਖੇਤਰ ਵਿੱਚ ਸ਼ਮੂਲੀਅਤ ਵਧਾਉਣ ਦੀ ਲੋੜ: ਗਿਆਨ ਸਿੰਘ ਸੰਧੂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 14 ਅਕਤੂਬਰ : ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ (GNI)ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਗਿਆਨ ਸਿੰਘ ਸੰਧੂ ਨੇ ਉੱਤਰੀ ਅਮਰੀਕਾ ਦੇ ਗੁਰਦੁਆਰਿਆਂ ਅਤੇ ਸਿੱਖ ਸੇਵਾ ਸੰਸਥਾਵਾਂ ਨੂੰ ਸਿੱਖਿਆ, ਖੋਜ ਅਤੇ ਨੌਜਵਾਨ ਪੀੜ੍ਹੀ ਦੇ ਭਵਿੱਖ ਲਈ ਆਪਸੀ ਸਹਿਯੋਗ ਵਧਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਭਵਿੱਖੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੰਸਥਾਵਾਂ ਨੂੰ ਆਪੋ-ਆਪਣੇ ਦਾਇਰਿਆਂ ਤੋਂ ਬਾਹਰ ਆ ਕੇ ਸਾਂਝੀ ਦੂਰਅੰਦੇਸ਼ੀ ਨਾਲ ਕੰਮ ਕਰਨ ਦੀ ਲੋੜ ਹੈ।

ਸਮੂਹ ਗੁਰਦੁਆਰਿਆਂ ਅਤੇ ਸਿੱਖ ਸੇਵਾ ਸੰਸਥਾਵਾਂ ਦੇ ਨਾਮ ਜਾਰੀ ਖੁੱਲ੍ਹੇ ਪੱਤਰ ਵਿੱਚ ਸ. ਸੰਧੂ ਨੇ ਦੱਸਿਆ ਕਿ 3 ਅਤੇ 4 ਅਕਤੂਬਰ ਨੂੰ ਸਰੀ ਸਿਟੀ ਹਾਲ ਵਿਖੇ ਕਰਵਾਇਆ ਗਿਆ GNI ਦਾ ਪੰਜਵਾਂ ਅੰਤਰਰਾਸ਼ਟਰੀ ਸਿੱਖ ਰਿਸਰਚ ਸਿਖਰ ਸੰਮੇਲਨ ਅਕਾਦਮਿਕ ਅਤੇ ਭਾਈਚਾਰਕ ਪੱਖੋਂ ਸਫਲ ਰਿਹਾ। ਇਸ ਸੰਮੇਲਨ ਵਿੱਚ ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਵਿਦਵਾਨਾਂ, ਖੋਜੀਆਂ, ਸਿੱਖਿਆ ਸ਼ਾਸਤਰੀਆਂ, ਵਿਦਿਆਰਥੀਆਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।

ਉਨ੍ਹਾਂ ਨੇ ਗੁਰਦੁਆਰਿਆਂ ਦੀ ਘੱਟ ਸ਼ਮੂਲੀਅਤ ’ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਅਨੁਸਾਰ, ਸੰਮੇਲਨ ਤੋਂ ਪਹਿਲਾਂ 40 ਤੋਂ ਵੱਧ ਗੁਰਦੁਆਰਿਆਂ ਨੇ ਆਪਣੇ ਨੁਮਾਇੰਦੇ ਭੇਜਣ ਦੀ ਸਹਿਮਤੀ ਦਿੱਤੀ ਸੀ, ਪਰ ਅਸਲ ਵਿੱਚ ਕੇਵਲ ਚਾਰ ਗੁਰਦੁਆਰਿਆਂ ਦੇ ਨੁਮਾਇੰਦੇ ਹੀ ਪਹੁੰਚੇ। ਇਸ ਦੇ ਉਲਟ, ਸੱਦਾ ਸਵੀਕਾਰ ਕਰਨ ਵਾਲੀਆਂ ਸਾਰੀਆਂ 13 ਸਿੱਖ ਸੇਵਾ ਸੰਸਥਾਵਾਂ ਨੇ ਸਰਗਰਮੀ ਨਾਲ ਸ਼ਮੂਲੀਅਤ ਕੀਤੀ। ਸ. ਸੰਧੂ ਨੇ ਕਿਹਾ ਕਿ ਸੰਮੇਲਨ ਦਾ ਦੂਜਾ ਦਿਨ ਵਿਸ਼ੇਸ਼ ਤੌਰ ’ਤੇ ਗੁਰਦੁਆਰਿਆਂ ਅਤੇ ਸਿੱਖ ਸੇਵਾ ਸੰਸਥਾਵਾਂ ਨਾਲ ਵਿਚਾਰ-ਵਟਾਂਦਰੇ ਲਈ ਰੱਖਿਆ ਗਿਆ ਸੀ, ਤਾਂ ਜੋ ਭਾਈਚਾਰੇ ਦੀਆਂ ਲੋੜਾਂ, ਨੌਜਵਾਨਾਂ ਦੇ ਵਿਦਿਅਕ ਅਤੇ ਸਮਾਜਿਕ ਭਵਿੱਖ ਅਤੇ ਸਿੱਖ ਸੰਸਥਾਵਾਂ ਦਰਮਿਆਨ ਸਹਿਯੋਗ ਦੇ ਮੌਕਿਆਂ ਬਾਰੇ ਸਾਂਝੀ ਰਣਨੀਤੀ ਤਿਆਰ ਕੀਤੀ ਜਾ ਸਕੇ।

ਸੰਮੇਲਨ ਦੌਰਾਨ ਕੀਤੇ ਗਏ ਮੁਲਾਂਕਣ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਗੁਰਦੁਆਰਿਆਂ ਅਤੇ ਸਿੱਖ ਸੇਵਾ ਸੰਸਥਾਵਾਂ ਵਿਚਕਾਰ ਆਪਸੀ ਸਹਿਯੋਗ ਨੂੰ ਪੰਜ ਵਿੱਚੋਂ ਕੇਵਲ 1.7 (34%) ਅੰਕ ਮਿਲੇ ਜਦਕਿ ਗੁਰਦੁਆਰਿਆਂ ਦੀ ਲੰਮੇ ਸਮੇਂ ਦੀ ਦੂਰਅੰਦੇਸ਼ੀ ਨੂੰ ਪੰਜ ਵਿੱਚੋਂ 1.6 (32%) ਅੰਕ ਮਿਲੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਨਤੀਜਿਆਂ ਨੂੰ ਕਿਸੇ ਸੰਸਥਾ ਦੀ ਆਲੋਚਨਾ ਵਜੋਂ ਲੈਣ ਦੀ ਬਜਾਏ ਆਤਮ-ਪੜਚੋਲ ਅਤੇ ਸੁਧਾਰ ਦੇ ਮੌਕੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਲੰਗਰ, ਕੀਰਤਨ, ਗੁਰਮਤਿ ਅਤੇ ਪੰਜਾਬੀ ਦੀ ਸਿੱਖਿਆ ਤੇ ਲੋੜਵੰਦਾਂ ਦੀ ਸਹਾਇਤਾ ਸਮੇਤ ਅਨੇਕਾਂ ਮਹੱਤਵਪੂਰਨ ਸੇਵਾਵਾਂ ਨਿਭਾ ਰਹੇ ਹਨ, ਪਰ ਇਨ੍ਹਾਂ ਦੇ ਨਾਲ-ਨਾਲ ਅਗਲੀ ਪੀੜ੍ਹੀ ਦੀਆਂ ਵਿਦਿਅਕ, ਬੌਧਿਕ ਅਤੇ ਸਮਾਜਿਕ ਲੋੜਾਂ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ। ਉੱਚ ਸਿੱਖਿਆ, ਸਿੱਖ ਅਧਿਐਨ ਅਤੇ ਖੋਜ, ਨਵੀਆਂ ਤਕਨਾਲੋਜੀਆਂ, ਮਾਨਸਿਕ ਸਿਹਤ ਅਤੇ ਨੌਜਵਾਨਾਂ ਦਾ ਸਿੱਖੀ ਨਾਲ ਰਿਸ਼ਤਾ ਅਜਿਹੇ ਵਿਸ਼ੇ ਹਨ, ਜਿਨ੍ਹਾਂ ਲਈ ਸਾਂਝੇ ਯਤਨਾਂ ਦੀ ਲੋੜ ਹੈ।

ਗੁਰੂ ਨਾਨਕ ਸਾਹਿਬ ਦੀ ਸੰਵਾਦ ਅਤੇ ਸਰਬ-ਸਾਂਝੀਵਾਲਤਾ ਦੀ ਪਰੰਪਰਾ ਦਾ ਜ਼ਿਕਰ ਕਰਦਿਆਂ ਸ. ਸੰਧੂ ਨੇ ਕਿਹਾ ਕਿ ਸਿੱਖ ਸੰਸਥਾਵਾਂ ਨੂੰ ਵੀ ਖੁੱਲ੍ਹੀ ਸੋਚ ਅਪਣਾਉਂਦਿਆਂ ਇੱਕ-ਦੂਜੇ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ GNI ਇੱਕ ਗੈਰ-ਮੁਨਾਫ਼ਾ, ਚੈਰੀਟੇਬਲ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਪੋਸਟ-ਸੈਕੰਡਰੀ ਸਿੱਖਿਆ ਅਤੇ ਖੋਜ ਅਦਾਰਾ ਹੈ, ਜੋ ਉੱਤਰੀ ਅਮਰੀਕਾ ਵਿੱਚ ਪਹਿਲੀ ਸਿੱਖ ਯੂਨੀਵਰਸਿਟੀ, ਗੁਰੂ ਨਾਨਕ ਯੂਨੀਵਰਸਿਟੀ ਕੈਨੇਡਾ, ਦੀ ਸਥਾਪਨਾ ਵੱਲ ਅੱਗੇ ਵਧ ਰਿਹਾ ਹੈ। ਉਨ੍ਹਾਂ ਅਨੁਸਾਰ, ਇਸ ਯੂਨੀਵਰਸਿਟੀ ਦਾ ਉਦੇਸ਼ ਕੇਵਲ ਸਿੱਖ ਨੌਜਵਾਨਾਂ ਨੂੰ ਸਿੱਖਿਆ ਦੇਣਾ ਨਹੀਂ, ਸਗੋਂ ਹਰ ਧਰਮ ਅਤੇ ਪਿਛੋਕੜ ਦੇ ਵਿਦਿਆਰਥੀਆਂ ਲਈ ਗਿਆਨ, ਖੋਜ ਅਤੇ ਬੌਧਿਕ ਵਿਕਾਸ ਦੇ ਮੌਕੇ ਪੈਦਾ ਕਰਨਾ ਹੈ, ਤਾਂ ਜੋ ਇਸ ਦਾ ਲਾਭ ਸਮੁੱਚੇ ਸਮਾਜ ਨੂੰ ਮਿਲ ਸਕੇ।

ਪੱਤਰ ਦੇ ਅੰਤ ਵਿੱਚ ਸੰਧੂ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਨੌਜਵਾਨਾਂ ਅਤੇ ਔਰਤਾਂ ਨੂੰ ਬਰਾਬਰ ਦੇ ਭਾਗੀਦਾਰ ਬਣਾਉਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਵਿਦਿਅਕ ਅਤੇ ਸਮਾਜਿਕ ਤਰੱਕੀ ਲਈ ਗੁਰਦੁਆਰਿਆਂ, ਵਿਦਿਅਕ ਅਦਾਰਿਆਂ, ਵਿਦਵਾਨਾਂ, ਨੌਜਵਾਨਾਂ ਅਤੇ ਸੇਵਾ ਸੰਸਥਾਵਾਂ ਦਾ ਆਪਸੀ ਸਹਿਯੋਗ ਸਮੇਂ ਦੀ ਅਹਿਮ ਲੋੜ ਹੈ।

## ਅਰਪਨ ਲਿਖਾਰੀ ਸਭਾ ਦੀ ਮੀਟਿੰਗ ਵਿੱਚ ਸਾਹਿਤਕ ਰੰਗਾਂ ਦੇ ਨਾਲ ਇਨਕਲਾਬੀ ਸੁਰਾਂ ਦੀ ਗੂੰਜ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਕੈਲਗਰੀ, 14 ਅਕਤੂਬਰ : ਅਰਪਨ ਲਿਖਾਰੀ ਸਭਾ ਦੀ ਸਾਹਿਤਕ ਮੀਟਿੰਗ ਬੀਤੇ ਦਿਨੀਂ ਕੋਸੋ ਹਾਲ ਵਿਖੇ ਜਰਨੈਲ ਤੱਗੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਦੇ ਨਾਲ ਕਵਿਤਾ, ਵਿਅੰਗ, ਪੰਜਾਬੀ ਵਿਰਾਸਤ ਅਤੇ ਲੋਕ-ਪੱਖੀ ਵਿਚਾਰਧਾਰਾ ਬਾਰੇ ਭਰਪੂਰ ਚਰਚਾ ਹੋਈ। ਸਭਾ ਵੱਲੋਂ ਅਦਾਕਾਰ ਨਾਨਾ ਪਾਟੇਕਰ, ‘ਸਰੋਕਾਰਾਂ ਦੀ ਆਵਾਜ਼’ ਦੇ ਸੰਪਾਦਕ ਹਰਬੰਸ ਸਿੰਘ, ਪ੍ਰਸਿੱਧ ਵਿਅੰਗਕਾਰ ਕੇ. ਐੱਲ. ਗਰਗ ਅਤੇ ਗਾਇਕਾ ਡੌਲੀ ਗੁਲੇਰੀਆ ਦੇ ਪਤੀ ਕਰਨਲ ਸ਼ਰਨਜੀਤ ਸਿੰਘ ਗੁਲੇਰੀਆ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਉਨ੍ਹਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ। ਡਾ. ਸੁਖਦੇਵ ਸਿੰਘ ਸਿਰਸਾ ਅਤੇ ਡਾ. ਸਰਬਜੀਤ ਸਿੰਘ ਦੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਲਈ ਚੁਣੇ ਜਾਣ ’ਤੇ ਖ਼ੁਸ਼ੀ ਪ੍ਰਗਟ ਕਰਦਿਆਂ ਵਧਾਈ ਦਿੱਤੀ ਗਈ।

ਕਾਵਿ-ਸੈਸ਼ਨ ਵਿੱਚ ਜਰਨੈਲ ਤੱਗੜ ਨੇ ਹਰਜਿੰਦਰ ਕੰਗ ਦੀ ਵਤਨ-ਪਿਆਰ ਨਾਲ ਜੁੜੀ ਕਵਿਤਾ ਸੁਣਾਈ। ਪਰਮਜੀਤ ਸਿੰਘ ਭੰਗੂ ਨੇ ਪਾਸ਼ ਦੀ ਇਨਕਲਾਬੀ ਕਵਿਤਾ, ਲਖਵਿੰਦਰ ਸਿੱਧੂ ਨੇ ਪਤਝੜ ਮਗਰੋਂ ਬਹਾਰ ਦੀ ਆਸ ਜਗਾਉਂਦੀ ਰਚਨਾ ਅਤੇ ਮੁਖਿੰਦਰ ਸਿੰਘ ਉੱਪਲ ਨੇ ਬੀਰ ਸਿੰਘ ਦੀ ਸਮਾਜਿਕ ਅਸਮਾਨਤਾ ਬਾਰੇ ਕਵਿਤਾ ਪੇਸ਼ ਕੀਤੀ। ਮਾਸਟਰ ਹਰਭਜਨ ਸਿੰਘ ਨੇ ਹਾਸਰਸ ਕਵਿਤਾ ਨਾਲ ਸਰੋਤਿਆਂ ਨੂੰ ਹਸਾਇਆ। ਜਸਵੀਰ ਸਿਹੋਤਾ ਨੇ ਰੁਜ਼ਗਾਰ ਲਈ ਵਿਦੇਸ਼ਾਂ ਵੱਲ ਜਾਂਦੇ ਪੰਜਾਬੀਆਂ ਦਾ ਦਰਦ ਬਿਆਨਿਆ ਅਤੇ ਮੋਹਣ ਸਿੰਘ ਪਪਰਾਲਾ ਨੇ ਵਿਅੰਗਮਈ ਕਵਿਤਾ ਰਾਹੀਂ ਸਮਾਜ ’ਤੇ ਚੋਟ ਕੀਤੀ। ਡਾ. ਮਨਮੋਹਨ ਸਿੰਘ ਬਾਠ ਨੇ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ‘ਕਬਰਾਂ ਉਡੀਕਦੀਆਂ, ਜਿਉਂ ਪੁੱਤਰਾਂ ਨੂੰ ਮਾਵਾਂ’ ਗਾ ਕੇ ਮਾਹੌਲ ਭਾਵੁਕ ਕਰ ਦਿੱਤਾ।

ਸੋਹਣ ਸਿੰਘ ਭੁੱਚੋ ਨੇ ਫੁੱਫੜ ਬਾਰੇ ਹਾਸਰਸ ਕਵਿਤਾ ਅਤੇ ਪੰਜਾਬੀ ਜੁੱਤੀ ਬਾਰੇ ਆਪਣੀ ਨਵੀਂ ਬੈਂਤ ਸੁਣਾਈ, ਜਿਸ ਨੇ ਦਿਲਚਸਪ ਚਰਚਾ ਛੇੜੀ। ਸਤਨਾਮ ਸ਼ੇਰਗਿੱਲ ਨੇ ਜੈਨੇਸਿਸ ਸੈਂਟਰ ਵਿਖੇ ਅਲਬਰਟਾ ਰਿਫਰੈਂਡਮ ਸਬੰਧੀ ਹੋਣ ਵਾਲੇ ਇਕੱਠ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਆਪਣੇ ਜੀਵਨ ਦੇ ਕਿੱਸੇ ਸੁਣਾਏ। ਜਸਵੰਤ ਸ਼ਰਮਾ ਨੇ ਪਿੰਡਾਂ ਦੀ ਵਿਰਾਸਤ ਬਾਰੇ ਤੱਥ ਸਾਂਝੇ ਕਰਦਿਆਂ ਮੱਖਣ ਬਰਾੜ ਦੀ ਕਲਮ ਤੋਂ ਲਿਖੀਆਂ ਕਵਿਤਾਵਾਂ ਆਪਣੇ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤੀਆਂ।

ਜ਼ੀਰ ਸਿੰਘ ਬਰਾੜ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਵਿਚਾਰਾਂ ਦੀ ਪ੍ਰਸੰਗਿਕਤਾ ਉਭਾਰੀ, ਜਦਕਿ ਸਵਰਨ ਸਿੰਘ ਧਾਲੀਵਾਲ ਨੇ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਆਪਣੀਆਂ ਲੋਕ-ਹਿਤੂ ਮੁਹਿੰਮਾਂ ਬਾਰੇ ਜਾਣਕਾਰੀ ਦਿੱਤੀ। ਸਤਨਾਮ ਢਾਅ ਨੇ ਪਾਲ ਸਿੰਘ ਪੰਛੀ ਦੇ ਮਕਬੂਲ ਛੰਦ ਰਾਹੀਂ ਮਹਾਰਾਣੀ ਜਿੰਦਾਂ ਦੇ ਵਿਰਲਾਪ ਨੂੰ ਕਵੀਸ਼ਰੀ ਦੇ ਰੰਗ ਵਿੱਚ ਪੇਸ਼ ਕੀਤਾ। ਮੀਟਿੰਗ ਦੀ ਕਾਰਵਾਈ ਚਲਾ ਰਹੇ ਸਕੱਤਰ ਦਰਸ਼ਨ ਬਰਾੜ ਨੇ ਆਪਣੀ ਕਵਿਤਾ ‘ਆਨ ਨਿਰਾਲੀ ਸ਼ਾਨ ਨਿਰਾਲੀ ਹੈ ਸਰਦਾਰਾਂ ਦੀ’ ਸੁਣਾਈ।

ਜਗਦੇਵ ਸਿੱਧੂ ਨੇ ਕੈਨੇਡੀਅਨ ਲੇਖਿਕਾ ਅਤੇ ਕਵਿੱਤਰੀ ਐਨੀ ਕਾਰਸਨ ਦੇ ਜੀਵਨ, ਸਾਹਿਤਕ ਸਫ਼ਰ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਬਾਅਦ ਸਾਮਰਾਜਵਾਦ, ਬਸਤੀਵਾਦ, ਸਮਾਜਵਾਦ ਅਤੇ ਲੋਕ-ਸੰਘਰਸ਼ਾਂ ਬਾਰੇ ਚਰਚਾ ਹੋਈ। ਭਗਤ ਸਿੰਘ, ਪਾਸ਼ ਅਤੇ ਸੰਤ ਰਾਮ ਉਦਾਸੀ ਦੀਆਂ ਮਿਸਾਲਾਂ ਅਤੇ ਸੁਰਿੰਦਰ ਧੰਜਲ ਦੇ ਹਵਾਲੇ ਨਾਲ ਲੋਕ-ਪੱਖੀ ਸਾਹਿਤ ਦੀ ਸਮਾਜਿਕ ਤਬਦੀਲੀ ਵਿੱਚ ਭੂਮਿਕਾ ਉਭਾਰੀ ਗਈ।

ਇਸ ਸਾਹਿਤਕ ਵਿਚਾਰ-ਚਰਚਾ ਵਿੱਚ ਸੁਖਦੇਵ ਕੌਰ ਢਾਅ, ਬਲਜਿੰਦਰ ਕੌਰ ਮਾਂਗਟ ਅਤੇ ਬਲਕਾਰ ਸਿੰਘ ਦਿਉਲ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ। ਅੰਤ ਵਿੱਚ ਮੀਤ-ਪ੍ਰਧਾਨ ਜਰਨੈਲ ਤੱਗੜ ਨੇ ਪੇਸ਼ਕਾਰੀਆਂ ਦੇ ਮਿਆਰ ਦੀ ਸ਼ਲਾਘਾ ਕਰਦਿਆਂ ਸਭ ਦਾ ਧੰਨਵਾਦ ਕੀਤਾ।

## ਮੈਰੀਲੈਂਡ ਦੀ ਕੰਪਟ੍ਰੋਲਰ ਬਰੁਕ ਲੀਅਰਮੈਨ ਲਈ ਫੰਡ ਇਕੱਤਰ ਕਰਨ ਦਾ ਸਮਾਗਮ ਸਫਲਤਾਪੂਰਵਕ ਸੰਪੰਨ

### ਗੇਥਰਜ਼ਬਰਗ ਵਿਖੇ ਉੱਘੀਆਂ ਸ਼ਖ਼ਸੀਅਤਾਂ ਦੀ ਸ਼ਮੂਲੀਅਤ, ਬੁਲਾਰਿਆਂ ਵੱਲੋਂ ਬਰੁਕ ਲੀਅਰਮੈਨ ਦੀ ਕਾਰਗੁਜ਼ਾਰੀ ਦੀ ਸ਼ਲਾਘਾ

### ਡਾ. ਸੁਰਿੰਦਰ ਸਿੰਘ ਗਿੱਲ ਵੱਲੋਂ ਬਰੁਕ ਲੀਅਰਮੈਨ ਨੂੰ 2030 ਵਿੱਚ ਗਵਰਨਰ ਦੇ ਅਹੁਦੇ ਲਈ ਉਮੀਦਵਾਰ ਵਜੋਂ ਦੇਖਣ ਦੀ ਇੱਛਾ ਪ੍ਰਗਟ

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ



ਗੇਥਰਜ਼ਬਰਗ, ਮੈਰੀਲੈਂਡ 14 ਅਕਤੂਬਰ : ਮੈਰੀਲੈਂਡ ਸਟੇਟ ਦੀ ਕੰਪਟ੍ਰੋਲਰ ਬਰੁਕ ਲੀਅਰਮੈਨ ਦੇ ਸਨਮਾਨ ਵਿੱਚ ਆਯੋਜਿਤ ਫੰਡ ਇਕੱਤਰ ਕਰਨ ਅਤੇ ਮੀਟ ਐਂਡ ਗ੍ਰੀਟ ਸਮਾਗਮ ਉੱਘੀਆਂ ਸਮਾਜਿਕ, ਕਾਰੋਬਾਰੀ ਅਤੇ ਵੱਖ-ਵੱਖ ਭਾਈਚਾਰਿਆਂ ਦੀਆਂ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਨਾਲ ਸਫਲਤਾਪੂਰਵਕ ਸੰਪੰਨ ਹੋਇਆ। ਸਮਾਗਮ ਦੌਰਾਨ ਬੁਲਾਰਿਆਂ ਨੇ ਕੰਪਟ੍ਰੋਲਰ ਦੇ ਕਾਰਜਕਾਲ, ਟੈਕਸ ਪ੍ਰਬੰਧਨ ਅਤੇ ਲੋਕ-ਹਿੱਤ ਨਾਲ ਜੁੜੀਆਂ ਪਹਿਲਕਦਮੀਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਗਮ ਦੀ ਸ਼ੁਰੂਆਤ ਕਰੀਨਾ ਹੂ ਵੱਲੋਂ ਮਹਿਮਾਨਾਂ ਅਤੇ ਪ੍ਰਮੁੱਖ ਬੁਲਾਰਿਆਂ ਦੀ ਜਾਣ-ਪਛਾਣ ਕਰਵਾਉਣ ਨਾਲ ਹੋਈ। ਉਨ੍ਹਾਂ ਨੇ ਬਰੁਕ ਲੀਅਰਮੈਨ ਦਾ ਨਿੱਘਾ ਸਵਾਗਤ ਕਰਦਿਆਂ ਸਮਾਗਮ ਦੇ ਉਦੇਸ਼ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਗੀਅ ਡਿਜੋਕਨ, ਯੂਨੈਸਕੋ ਨਾਲ ਜੁੜੇ ਡਾਇਰੈਕਟਰ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬਰੁਕ ਲੀਅਰਮੈਨ ਦੀ ਅਗਵਾਈ ਹੇਠ ਮੈਰੀਲੈਂਡ ਦੀ ਟੈਕਸ ਪ੍ਰਣਾਲੀ ਨੂੰ ਸਰਲ ਅਤੇ ਲੋਕਾਂ ਲਈ ਵਧੇਰੇ ਸੁਵਿਧਾਜਨਕ ਬਣਾਉਣ ਵੱਲ ਕਦਮ ਚੁੱਕੇ ਗਏ ਹਨ। ਉਨ੍ਹਾਂ ਨੇ ਟੈਕਸ ਪ੍ਰਸ਼ਾਸਨ ਵਿੱਚ ਸੁਧਾਰਾਂ ਦੀ ਸ਼ਲਾਘਾ ਕੀਤੀ।

ਡਾ. ਸੁਰਿੰਦਰ ਸਿੰਘ ਗਿੱਲ, ਚੇਅਰਮੈਨ ਇੰਟਰਨੈਸ਼ਨਲ ਫੋਰਮ ਯੂਐੱਸਏ, ਨੇ ਆਪਣੇ ਸੰਬੋਧਨ ਵਿੱਚ ਬਰੁਕ ਲੀਅਰਮੈਨ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦੇ ਸਿਆਸੀ ਭਵਿੱਖ ਬਾਰੇ ਆਸ਼ਾਵਾਦ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਬਰੁਕ ਲੀਅਰਮੈਨ ਵਿੱਚ ਭਵਿੱਖ ਵਿੱਚ ਮੈਰੀਲੈਂਡ ਦੀ ਪਹਿਲੀ ਮਹਿਲਾ ਗਵਰਨਰ ਬਣਨ ਦੀ ਸਮਰੱਥਾ ਹੈ। ਉਨ੍ਹਾਂ ਨੇ 2030 ਦੀਆਂ ਗਵਰਨਰ ਚੋਣਾਂ ਲਈ ਉਨ੍ਹਾਂ ਦੀ ਸੰਭਾਵਿਤ ਉਮੀਦਵਾਰੀ ਦਾ ਵਿਚਾਰ ਵੀ ਪੇਸ਼ ਕੀਤਾ। ਡਾ. ਗਿੱਲ ਨੇ ਕਿਹਾ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਕੰਪਟ੍ਰੋਲਰ ਦੀ ਕਾਰਗੁਜ਼ਾਰੀ ਨੇ ਮੈਰੀਲੈਂਡ ਦੇ ਲੋਕਾਂ ਵਿੱਚ ਚੰਗਾ ਪ੍ਰਭਾਵ ਪਾਇਆ ਹੈ।

ਇਸ ਮੌਕੇ ਲੀਆ ਨੇ ਲੋਕਤੰਤਰ ਵਿੱਚ ਵੋਟ ਦੇ ਅਧਿਕਾਰ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਨਾਗਰਿਕਾਂ ਨੂੰ ਘਰਾਂ ਤੋਂ ਬਾਹਰ ਨਿਕਲ ਕੇ ਚੋਣ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰੀ ਕਰਨੀ ਚਾਹੀਦੀ ਹੈ। ਉਨ੍ਹਾਂ ਅਨੁਸਾਰ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੀ ਹੈ।

ਉੱਘੇ ਕਾਰੋਬਾਰੀ ਸੁਰਿੰਦਰ ਸਿੰਘ ਰਹੇਜਾ ਨੇ ਟੈਕਸ ਕ੍ਰੈਡਿਟ ਸਬੰਧੀ ਨੀਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੈਰੀਲੈਂਡ ਨੇ ਟੈਕਸਦਾਤਾਵਾਂ ਨੂੰ ਰਾਹਤ ਦੇਣ ਲਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਨੇ ਇਨ੍ਹਾਂ ਯਤਨਾਂ ਦਾ ਸਿਹਰਾ ਬਰੁਕ ਲੀਅਰਮੈਨ ਦੀ ਕਾਰਗੁਜ਼ਾਰੀ ਨੂੰ ਦਿੱਤਾ।

ਕੰਪਟ੍ਰੋਲਰ ਬਰੁਕ ਲੀਅਰਮੈਨ ਨੇ ਆਪਣੇ ਵਿਸਥਾਰਪੂਰਵਕ ਸੰਬੋਧਨ ਵਿੱਚ ਮੈਰੀਲੈਂਡ ਸਰਕਾਰ ਦੀਆਂ ਵੱਖ-ਵੱਖ ਸਕੀਮਾਂ, ਟੈਕਸ ਕ੍ਰੈਡਿਟ ਅਤੇ ਟੈਕਸਦਾਤਾਵਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਉਦਾਹਰਣਾਂ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਟੈਕਸ ਪ੍ਰਬੰਧਨ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕਾਂ ਤੱਕ ਸਹੂਲਤਾਂ ਪਹੁੰਚਾਉਣਾ ਉਨ੍ਹਾਂ ਦੀਆਂ ਪ੍ਰਮੁੱਖ ਤਰਜੀਹਾਂ ਹਨ।

ਸਮਾਗਮ ਦੌਰਾਨ ਹਾਜ਼ਰੀਨ ਨੇ ਬੁਲਾਰਿਆਂ ਅਤੇ ਕੰਪਟ੍ਰੋਲਰ ਦੇ ਸੰਬੋਧਨ ਦਾ ਤਾੜੀਆਂ ਨਾਲ ਸਵਾਗਤ ਕੀਤਾ। ਵੱਖ-ਵੱਖ ਭਾਈਚਾਰਿਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਨੇ ਇਸ ਇਕੱਠ ਨੂੰ ਆਪਸੀ ਸਾਂਝ ਅਤੇ ਵਿਚਾਰ-ਵਟਾਂਦਰੇ ਦਾ ਮੰਚ ਪ੍ਰਦਾਨ ਕੀਤਾ। ਸਮਾਗਮ ਦੇ ਅੰਤ ਵਿੱਚ ਬਰੁਕ ਲੀਅਰਮੈਨ ਨੇ ਮੇਜ਼ਬਾਨ ਟੀਮ ਅਤੇ ਮਹਿਮਾਨਾਂ ਨਾਲ ਯਾਦਗਾਰੀ ਗਰੁੱਪ ਤਸਵੀਰ ਖਿਚਵਾਈ। ਇਸ ਉਪਰੰਤ ਮਹਿਮਾਨਾਂ ਲਈ ਦੁਪਹਿਰ ਦੇ ਭੋਜ ਦਾ ਪ੍ਰਬੰਧ ਕੀਤਾ ਗਿਆ। ਆਪਸੀ ਮਿਲਣੀ ਅਤੇ ਧੰਨਵਾਦੀ ਸ਼ਬਦਾਂ ਨਾਲ ਸਮਾਗਮ ਸਫਲਤਾਪੂਰਵਕ ਸੰਪੰਨ ਹੋਇਆ।

## ਸਿਰੀ ਰਾਮ ਅਰਸ਼ ਮੈਮੋਰੀਅਲ ਕਮੇਟੀ ਮੁਹਾਲੀ (ਭਾਰਤ) ਵੱਲੋਂ ਕਵੀ ਮੰਚ (ਰਜਿ.), ਮੋਹਾਲੀ ਦੇ ਸਹਿਯੋਗ ਨਾਲ ਗੁਰਦਿਆਲ ਰੌਸ਼ਨ, ਕਾਮਰੇਡ ਦੇਵੀ ਦਿਆਲ ਸ਼ਰਮਾ, ਸੁਭਾਸ਼ ਭਾਸਕਰ, ਡਾ. ਅੰਜੂ ਅਮਨਦੀਪ ਗਰੋਵਰ ਅਤੇ ਦੀਪਿੰਦਰ ਕੌਰ ਸ਼ੇਰਗਿੱਲ

### ਰੰਗਾੜਾ ਦੀਆਂ ਦੋ ਪੁਸਤਕਾਂ ‘ਰੂਪ ਰੰਗ’ ਅਤੇ ‘ਔਰਤ’ ਲੋਕ ਅਰਪਣ।

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ 14 ਅਕਤੂਬਰ : ਮਰਹੂਮ ਉਸਤਾਦ ਗ਼ਜ਼ਲਗੋ ਸ੍ਰੀ ਸਿਰੀ ਰਾਮ ਅਰਸ਼ ਦੀ ਯਾਦ ਵਿੱਚ ਸ੍ਰੀ ਸਿਰੀ ਰਾਮ ਅਰਸ਼ ਮੈਮੋਰੀਅਲ ਕਮੇਟੀ, ਮੁਹਾਲੀ (ਭਾਰਤ) ਵੱਲੋਂ ਕਵੀ ਮੰਚ (ਰਜਿ.), ਮੁਹਾਲੀ ਦੇ ਸਹਿਯੋਗ ਨਾਲ, ਉਨ੍ਹਾਂ ਦੇ ਸਪੁੱਤਰਾਂ ਅਨਿਲ ਕੁਮਾਰ ਅਰਸ਼ ਅਤੇ ਡਾ. ਰਾਜੇਸ਼ ਕੁਮਾਰ ਨੇ ਆਪਣੇ ਪਿਤਾ ਦੀ ਨਿੱਘੀ ਯਾਦ ਵਿੱਚ ਸਨਮਾਨ ਸਮਾਰੋਹ ਸੈਣੀ ਭਵਨ ਸੈਕਟਰ-24 ਚੰਡੀਗੜ੍ਹ ਵਿਖੇ ਕਰਵਾਇਆ। ਇਸ ਮੌਕੇ ਸਾਹਿਤਕਾਰ ਭਗਤ ਰਾਮ ਰੰਗਾੜਾ ਦੀਆਂ ਦੋ ਸੰਪਾਦਿਤ ਪੁਸਤਕਾਂ ‘ਰੂਪ ਰੰਗ’ ਅਤੇ ‘ਔਰਤ’ ਵੀ ਲੋਕ ਅਰਪਣ ਕੀਤੀਆਂ ਗਈਆਂ।ਸ਼ੁਰੂ ਵਿੱਚ ਭਗਤ ਰਾਮ ਰੰਗਾੜਾ, ਪ੍ਰਧਾਨ, ਕਵੀ ਮੰਚ ਵਲੋਂ ਜੀ ਆਇਆ ਕਿਹਾ ਗਿਆ ਤੇ ਅਰਸ਼ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ



ਸਮਾਗਮ ਦੀ ਪ੍ਰਧਾਨਗੀ ਡਾ. ਸ਼ਿੰਦਰਪਾਲ ਸਿੰਘ, ਕਾਰਜਕਾਰੀ ਪ੍ਰਧਾਨ, ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ (ਰਜਿ:) ਮੁਹਾਲੀ ਨੇ ਕੀਤੀ, ਜਦਕਿ ਉਸਤਾਦ ਗ਼ਜ਼ਲਗੋ ਬਲਬੀਰ ਸਿੰਘ ਸੈਣੀ (ਮੁੱਖ ਸੰਪਾਦਕ, ਸੂਲ ਸੁਰਾਹੀ ਮੈਗਜ਼ੀਨ), ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਨਾਮਵਰ ਸ਼ਾਇਰਾ ਗੁਰਦੀਪ ਕੌਰ ਗੁੱਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪੁਸਤਕ ਲੋਕ ਅਰਪਣ ਸਮਾਰੋਹ ਦੌਰਾਨ ਸਿਰੀ ਰਾਮ ਅਰਸ਼ ਨੂੰ ਸਮਰਪਿਤ ਪੁਸਤਕ ‘ਰੂਪ ਰੰਗ’ ਪੁਸਤਕ ਬਾਰੇ ਪਰਚਾ ਕਵੀ ਮੰਚ ਦੇ ਜਨਰਲ ਸਕੱਤਰ ਰਾਜ ਕੁਮਾਰ ਸਾਹੋਵਾਲੀਆ ਨੇ ਪੜ੍ਹਿਆ ਜਦ ਕਿ ‘ਔਰਤ’ ਬਾਰੇ ਪਰਚਾ ਬਾਬੂ ਰਾਮ ਦੀਵਾਨਾ ਨੇ ਪੇਸ਼ ਕੀਤਾ। ਸਮਾਰੋਹ ਦੌਰਾਨ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਨੂੰ ‘ਸਮਰਾਟ ਗ਼ਜ਼ਲਗੋ ਸਿਰੀ ਰਾਮ ਅਰਸ਼ ਯਾਦਗਾਰੀ ਐਵਾਰਡ’ ਪ੍ਰਦਾਨ ਕੀਤਾ ਗਿਆ। ਕਾਮਰੇਡ ਦੇਵੀ ਦਿਆਲ ਸ਼ਰਮਾ ਅਤੇ ਨਾਮਵਰ ਲੇਖਕ ਸੁਭਾਸ਼ ਭਾਸਕਰ (ਸਕੱਤਰ, ਚੰਡੀਗੜ੍ਹ ਸਾਹਿਤ ਅਕਾਡਮੀ) ਨੂੰ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਡਾ. ਅੰਜੂ ਅਮਨਦੀਪ ਗਰੋਵਰ ਨੂੰ ਸਿਰੀ ਰਾਮ ਅਰਸ਼ ਯਾਦਗਾਰੀ ‘ਪੰਜਾਬ ਦਾ ਮਾਣ’ ਐਵਾਰਡ ਅਤੇ ਦੀਪਿੰਦਰ ਕੌਰ ਸ਼ੇਰਗਿੱਲ ਨੂੰ ਸਿਰੀ ਰਾਮ ਅਰਸ਼ ਯਾਦਗਾਰੀ ‘ਪੰਜਾਬ ਦੀ ਧੀ’ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪੁਸਤਕਾਂ ਦੇ ਲੇਖਕ ਰੰਗਾੜਾ ਤੋਂ ਇਲਾਵਾ ਅਰਸ਼ ਪਰਿਵਾਰ ਦੇ ਮੈਂਬਰਾਂ ਅਤੇ ਪ੍ਰਧਾਨਗੀ ਮੰਡਲ ਵਿੱਚ ਸ਼ਸੋਭਿਤ ਸ਼ਖ਼ਸੀਅਤਾਂ ਨੂੰ ਵੀ ਲੋਈ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਪਰਚਾ ਲੇਖਕਾਂ ਸਾਹੋਵਾਲੀਆ ਤੇ ਦੀਵਾਨਾ ਅਤੇ ਗਾਇਕ ਗੁਰਵਿੰਦਰ ਗੁਰੀ ਤੇ ਜਗਤਾਰ ਸਿੰਘ ਜੋਗ ਨੂੰ ਲੋਈ ਤੇ ਸਨਮਾਨ ਚਿੰਨ੍ਹ ਪ੍ਰਦਾਨ ਕੀਤੇ ਗਏ

ਸਮਾਗਮ ਵਿੱਚ ਭਾਰੀ ਗਿਣਤੀ ਵਿੱਚ ਡਾ. ਅਮਨਦੀਪ ਸਿੰਘ ਗਰੋਵਰ, ਸੰਜੀਵ ਕੁਮਾਰ ਸ਼ਰਮਾ, ਡਾ. ਤ੍ਰਿਸ਼ਾ, ਕਾਰਤਿਕ ਕੁਮਾਰ, ਨਕੁਲ, ਦੀਪਕ ਸ਼ਰਮਾ ਚਨਾਰਥਲ, ਬਲਕਾਰ ਸਿੱਧੂ, ਯਤਿੰਦਰ ਕੌਰ ਮਾਹਲ, ਦੀਪ ਜਗਦੀਪ ਸਿੰਘ, ਪ੍ਰਿੰਸ. ਬਹਾਦਰ ਸਿੰਘ ਗੋਸਲ, ਡਾ. ਮੀਨੂੰ ਸੁਖਮਨ, ਗੁਰਸ਼ਰਨ ਸਿੰਘ ਕਾਕਾ, ਮੰਦਰ ਗਿੱਲ ਸਾਹਿਬਚੰਦੀਆ, ਮੋਨਿਕਾ ਸ਼ਰਮਾ, ਅੰਜੂ ਚੇਤਲ, ਮਨਮੋਹਨ ਸਿੰਘ ਦਾਊਂ, ਸੁਖਚਰਨ ਸਿੰਘ ਸਿੱਧੂ, ਸੋਹਣ ਸਿੰਘ ਬੈਨੀਪਾਲ, ਰੀਤਾ ਦੇਵੀ, ਐਸ.ਕੇ. ਅਰੋੜਾ, ਸੁਰਿੰਦਰ ਕੁਮਾਰ, ਦਿਲਦਾਰ ਸਿੰਘ, ਅਮੀਰ ਸੁਲਤਾਨਾ, ਸੁਰਿੰਦਰ ਸਿੰਘ, ਸੰਤੋਸ਼ ਨਾਗਪਾਲ, ਜੀ ਵਿੱਜ, ਪ੍ਰਤਾਪ ਪਾਰਸ ਗੁਰਦਾਸਪੁਰੀ, ਜਸਪਾਲ ਸਿੰਘ ਕਮਲ, ਡਾ. ਰਜਿੰਦਰ ਰੇਨੂੰ, ਨਰਿੰਦਰ ਕੌਰ ਲੌਂਗੀਆ,ਨੀਲਮ ਨਾਰੰਗ, ਨਰਿੰਦਰ ਸਿੰਘ ਦੌੜਕਾ, ਬਲਜੀਤ ਸਿੰਘ ਫਿੱਡਿਆਂਵਾਲਾ, ਐਸ.ਕੇ. ਅਰੋੜਾ ਆਦਿ ਨੇ ਹਾਜ਼ਰੀ ਭਰੀ। ਲੰਬਾ ਸਮਾਂ ਚੱਲੇ ਇਸ ਭਾਵਪੂਰਤ ਸਮਾਰੋਹ ਦਾ ਮੰਚ ਸੰਚਾਲਨ ਰਾਜ ਕੁਮਾਰ ਸਾਹੋਵਾਲੀਆ ਨੇ ਕੀਤਾ। ਅੰਤ ਵਿੱਚ ਸਭ ਦਾ ਧੰਨਵਾਦ ਸ੍ਰੀ ਸਿਰੀ ਰਾਮ ਅਰਸ਼ ਪੋਤਰੀ ਡਾ. ਤ੍ਰਿਸ਼ਾ ਵੱਲੋਂ ਕੀਤਾ ਗਿਆ। ਇਸ ਤਰ੍ਹਾਂ ਇਹ ਸਮਾਗਮ ਆਪਣੀਆਂ ਨਿਵੇਕਲੀਆਂ ਪੈੜਾਂ ਛੱਡਦਾ ਸਿੱਖਰਾਂ ਛੂਹ ਕੇ ਸੰਪੰਨ ਹੋਇਆ।

ਵਰਲਡ ਪੰਜਾਬੀ ਟਾਈਮਜ਼ 14 ਅਕਤੂਬਰ 2026 ਦਿਨ ਬੁੱਧਵਾਰ

## ਲੋਕ ਨਾਚ ਤੇ ਗੀਤਕਾਰੀ ਦਾ ਸੁਮੇਲ ਸੀ ਰੰਗ ਰੰਗੀਲਾ ਵੀਰ ਸਨਮੁੱਖ ਸਿੰਘ ਆਜ਼ਾਦ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਕੱਲ੍ਹ ਰਾਤੀਂ ਜਗਤਾਰ ਭੁੱਲਰ ਦੇ ਯੂ ਟਿਊਬ ਚੈਨਲ "ਅਕਸ"ਤੇ ਉਸ ਦੀ ਨਿੰਦਰ ਘੁਗਿਆਣਵੀ ਨਾਲ ਸਨਮੁੱਖ ਸਿੰਘ ਆਜ਼ਾਦ ਬਾਰੇ ਪੌਡਕਾਸਟ ਸੁਣੀ। ਬਹੁਤ ਚੰਗਾ ਲੱਗਾ। ਸਨਮੁੱਖ ਸਿੰਘ ਆਜ਼ਾਦ ਦੇਸ਼ ਵੰਡ ਮਗਰੋਂ ਪਾਰੋਂ ਆਏ ਪੋਠੋਹਾਰੀਆਂ ਪਰਿਵਾਰਾਂ ਵਿੱਚੋਂ ਇੱਕ ਸੀ। ਉਸ ਦਾ ਅਨਾਰ ਵਰਗਾ ਚਿਹਰਾ ਸੀ 1971-72 ਵਿੱਚ। ਉਹ ਸਾਡੇ ਜੀ ਜੀ ਐੱਨ ਖ਼ਾਲਸਾ ਕਾਲਿਜ ਲੁਧਿਆਣਾ ਵਿੱਚ ਮਹਿੰਦਰ ਸਿੰਘ ਡੰਗੋਰੀ ਨਾਲ ਭੰਗੜਾ ਸਿਖਾਉਣ ਆਉਂਦਾ ਸੀ।

ਮੈਂ ਉਸ ਦੀ ਅਦਾਕਾਰੀ ਦਾ ਕਾਇਲ ਹੋ ਗਿਆ ਜਦ ਉਹ ਵੱਖ ਵੱਖ ਕਬੀਲਿਆਂ ਦੀ ਬੋਲੀ ਤੇ ਅੰਦਾਜ਼ ਨਾਟਕੀ ਅੰਦਾਜ਼ ਵਿੱਚ ਸਾਨੂੰ ਕਾਲਿਜ ਕੈਨਟੀਨ ਵਿੱਚ ਬਹਿ ਕੇ ਸੁਣਾਉਂਦਾ ਤੇ ਵਿਖਾਉਂਦਾ ਹੁੰਦਾ ਸੀ। ਇੰਦਰਜੀਤ ਹਸਨਪੁਰੀ ਦੀ ਪਲੇਠੀ ਫ਼ਿਲਮ "ਤੇਰੀ ਮੇਰੀ ਇੱਕ ਜਿੰਦੜੀ" ਦੀ ਸ਼ੂਟਿੰਗ ਵੇਲੇ ਚੂੜੀਆਂ ਵੇਚਦੇ ਵਣਜਾਰੇ ਦੇ ਸਰੂਪ ਵਿੱਚ ਨਰਿੰਦਰ ਬੀਬਾ ਜੀ ਦੀ ਪੀਲ਼ੀ ਕੋਠੀ ਦੇ ਬਾਹਰ ਲੱਗੇ ਮੇਲੇ ਦੇ ਦ੍ਰਿਸ਼ ਵਿੱਚ ਵੇਖਿਆ।

ਇਸ ਫਿਲਮ ਵਿੱਚ ਸਾਡੇ ਕਾਲਿਜ ਦੇ ਮੁੰਡਿਆਂ ਨੇ ਵੀ ਭੰਗੜਾ ਪਾਉਣਾ ਸੀ। ਮੈਂ ਤੇ ਸ਼ਮਸ਼ੇਰ ਤਾਂ ਭੰਗੜੇ ਦੀ ਸ਼ੂਟਿੰਗ ਵੇਖਣ ਗਏ ਸਾਂ। ਭੰਗੜੇ ਵਿੱਚ ਸਨਮੁੱਖ ਸਿੰਘ ਆਜ਼ਾਦ ਕੌਮੀ ਤੇ ਕੌਮਾਂਤਰੀ ਸਟੇਜਾਂ ਤੇ ਨੱਚਿਆ। ਉਹ ਉਦੋਂ ਤੀਹ ਪੈਂਤੀ ਸਾਲ ਤੋਂ ਵੱਧ ਨਹੀਂ ਸੀ। ਬੜੀ ਹੱਦ ਚਾਲੀ ਦਾ ਹੋਵੇਗਾ।

ਭਾਜੀ ਮਾਸਟਰ ਹਰਭਜਨ ਸਿੰਘ ਖੋਖਰ ਫ਼ੌਜੀਆਂ ਵਾਲੇ, ਹਰਪਾਲ ਟਿਵਾਣਾ,ਸ. ਹਰਜੀਤ ਸਿੰਘ ਬੇਦੀ, ਹਰਭਜਨ ਸਿੰਘ ਜੁਗਨੀ, ਮਹਿੰਦਰ ਸਿੰਘ ਡੰਗੋਰੀ, ਬੇਅੰਤ ਸਿੰਘ, ਗੁਰਚਰਨ ਸਿੰਘ ਚੰਨੀ ਤਾਕੁਲੀਆ,ਬਲਵਿੰਦਰ ਕਾਹਲੋਂ, ਸ਼ੀਤਲ ਸਿੰਘ ਗਿੱਲ, ਸੁਰਜੀਤ ਗਿੱਲ, ਬਿੰਦੀ ਭਾ ਜੀ ਫਰੀਦਕੋਟ, ਤਰਲੋਚਨ ਸ਼ੇਰਗਿੱਲ ਨਾਲ ਭੰਗੜਾ ਪਾਉਣ ਉਹ ਕਈ ਸਾਲ ਰਿਪਬਲਿਕ ਡੇ ਪਰੇਡ ਤੇ ਪੰਜਾਬ ਵੱਲੋਂ ਜਾਂਦਾ ਰਿਹਾ। ਸ. ਭਾਗ ਸਿੰਘ ਡਿਪਟੀ ਡਾਇਰੈਕਟਰ ਪਬਲਿਕ ਰੀਲੇਸ਼ਨਜ਼ ਜੀ ਦਾ ਉਹ ਵਿਸ਼ੇਸ਼ ਚਹੇਤਾ ਸੀ।

ਸ. ਭਾਗ ਸਿੰਘ ਦੇ ਸਹੁਰੇ ਲੁਧਿਆਣੇ ਹੋਣ ਕਾਰਨ ਸਨਮੁੱਖ ਸਿੰਘ ਆਜ਼ਾਦ ਹਮੇਸ਼ ਸੇਵਾ ਵਿੱਚ ਹਾਜ਼ਰ ਵੇਖਿਆ। ਬਹੁਤ ਲਚਕੀਲਾ ਸਰੀਰ ਸੀ ਉਹਦਾ। ਸੁਭਾਅ ਓਨਾ ਹੀ ਕਰੜਾ। ਮਨ ਮੌਜੀ ਸੀ ਬੇਹੱਦ। ਉਹ ਕਈ ਕਈ ਮਹੀਨੇ ਬੰਬਈ ਲਾ ਆਉਂਦਾ। ਪਰਤ ਕੇ ਵੰਨ ਸੁਵੰਨੀਆਂ ਸਾਖੀਆਂ ਸੁਣਾਉਂਦਾ।

ਉਸ ਦੇ ਭੰਗੜਾ ਸਰੂਪ ਦੇ ਕਈ ਕੰਪਨੀਆਂ ਵੱਲੋਂ ਕੈਲੰਡਰ ਛਪਦੇ। ਉਹ ਕਈ ਮਹੀਨੇ ਵਿਖਾਉਂਦਾ ਰਹਿੰਦਾ ਇਹ ਸੱਚ ਹੈ ਕਿ ਉਸ ਬਹੁਤ ਸਾਰੇ ਗੀਤ ਲਿਖੇ ਰੀਕਾਰਡ ਵੀ ਕਹਿੰਦੇ ਕਹਾਉਂਦੇ ਗਾਇਕਾਂ ਨੇ ਕਰਵਾਏ ਪਰ ਜਿੰਨੇ ਤੇ ਜਿਹੜੇ ਗੀਤ ਉਹ ਦੱਸਦਾ ਹੈ ਉਸ ਵਿੱਚ ਬਹੁਤ ਕੁਝ ਮੰਨਣਯੋਗ ਨਹੀਂ। ਉਹ 1947 ਦੀ ਦੇਸ਼ ਵੰਡ ਵੇਲੇ ਅਜੇ ਬੱਚਾ ਸੀ। ਹਰ ਵੱਡੇ ਗਾਇਕ ਦੇ ਹਵਾਲੇ ਨਾਲ ਬਹੁਤੀਆਂ ਗੱਲਾਂ ਉਸ ਦੇ ਦੱਸੇ ਦਸਾਏ ਨਾਲ ਮੇਲ਼ ਨਹੀਂ ਖਾਂਦੀਆਂ।

1975-76 ਵੇਲੇ ਉਹ ਬੱਸ ਸਟੈਂਡ ਸਾਹਮਣੇ ਗਾਇਕਾਂ ਦੇ ਚੁਬਾਰਿਆਂ ਵਿੱਚ ਅਕਸਰ ਮਿਲਦਾ। ਖੜ੍ਹਾ ਖਲੋਤਾ ਸਥਿਤੀ ਮੁਤਾਬਕ ਗੀਤ ਲਿਖ ਲੈਂਦਾ ਸੀ। ਇਹ ਤਾਂ ਮੈਂ ਖ਼ੁਦ ਬਹੁਤ ਵਾਰ ਵੇਖਿਆ। ਕੇ ਦੀਪ ਜਗਮੋਹਨ ਕੌਰ ਦੀਆਂ ਕਾਮੇਡੀ ਕੈਸਿਟਸ ਤੋਂ ਪਹਿਲਾਂ ਉਹ ਚੰਡੀਗੜ੍ਹ ਵਾਲੇ ਸ. ਐੱਸ ਪੀ ਸਿੰਘ ਨਾਲ ਬੰਬਈ ਜਾ ਕੇ ਕਾਮੇਡੀ ਪ੍ਰੋਗ੍ਰਾਮ ਵੀ ਕਰਦਾ ਸੀ ਵੈਸਾਖੀ ਨਾਈਟ ਤੇ ਜਾ ਕੇ। ਸੁਰਿੰਦਰ ਸ਼ਿੰਦਾ ਦੇ ਦਫ਼ਤਰ ਵਿੱਚ ਉਹ ਕਈ ਵਾਰ ਸੌਂ ਵੀ ਜਾਂਦਾ ਸੀ। ਇਹ ਉਸ ਦੇ ਸ਼ਰਾਬ ਨਾਲ ਸਨੇਹ ਵਧਣ ਤੋਂ ਬਾਦ ਦੀਆਂ ਗੱਲਾਂ ਨੇ।

ਸ. ਜਗਦੇਵ ਸਿੰਘ ਜੱਸੋਵਾਲ ਨੇ ਉਸ ਦਾ ਬੁਢਾਪਾ ਸਾਂਭਣ ਲਈ ਬਹੁਤ ਕੋਸ਼ਿਸ਼ ਕੀਤੀ ਪਰ ਉਹ ਆਦਤਾਂ ਦਾ ਗੁਲਾਮ ਹੋ ਚੁੱਕਾ ਸੀ। ਉਹ ਪਰਿਵਾਰ ਤੇ ਸੰਸਾਰ ਨਾਲੋਂ ਟੁੱਟ ਚੁੱਕਾ ਸੀ। ਉਸ ਦੀ ਜੇ ਕੋਈ ਕਦਰ ਕਰਨੀ ਵੀ ਚਾਹੁੰਦਾ ਸੀ ਤਾਂ ਉਹ ਆਕੜ ਜਾਂਦਾ।

ਉਸ ਦੇ ਆਖ਼ਰੀ ਸਾਲਾਂ ਵਿੱਚ ਦਰਦ ਹੀ ਦਰਦ ਸੀ। ਉਸ ਨੂੰ ਆਪਣੇ ਆਪ ਤੇ ਗੁੱਸਾ ਵੀ ਆਉਂਦਾ। ਮਾੜੀਆਂ ਆਦਤਾਂ ਕਾਰਨ ਯਾਰ ਬੇਲੀ ਵੀ ਟਲਣ ਲੱਗ ਪਏ ਸਨ। ਮਿੱਤਰ ਵੀ ਕੀ ਕਰਦੇ? ਜਿਸ ਦਾ ਸਿਖਰ ਵੇਖਿਆ ਹੋਵੇ ਉਸ ਨੂੰ ਗ਼ਰਕਦਾ ਵੇਖਣਾ ਬਹੁਤ ਦੁਖਦਾਈ ਹੁੰਦਾ ਹੈ।

ਉਹ ਮੇਰੇ ਕੋਲ ਆਪਣੇ ਸ਼ਾਗਿਰਦ ਗੁਰਸੇਵਕ ਸਿੰਘ ਥਰੀ ਕੇ ਨੂੰ ਲੈ ਕੇ ਆਮ ਆ ਜਾਂਦਾ ਸੀ। ਪੈਦਲ ਸਵਾਰ ਜਾਂ ਸਾਈਕਲ ਤੇ। ਗੁਰਸੇਵਕ ਨੇ ਉਸ ਤੋਂ ਲਗਪਗ ਸਾਰੇ ਗੀਤ ਰਜਿਸਟਰਾਂ ਵਿੱਚ ਉਤਾਰ ਲਏ ਸਨ। ਉਹਨੀਂ ਦਿਨੀਂ ਉਸ ਦੇ ਗੀਤਾਂ ਦੀ ਕਿਤਾਬ ਛਾਪਣ ਦੀ ਯੋਜਨਾਕਾਰੀ ਚੱਲ ਰਹੀ ਸੀ।

ਰਿਸ਼ੀ ਨਗਰ ਵਿੱਚ ਉਸ ਦਾ ਨਿੱਕਾ ਜਿਹਾ ਇੱਕ ਕਮਰੇ ਦਾ ਘਰ ਹੀ ਉਸ ਦਾ ਸਿਵਾ ਬਣ ਗਿਆ। ਅੰਗੀਠੀ ਨਾਲ ਰਜਾਈ ਦਾ ਪੱਲਾ ਛੁਹ ਗਿਆ ਜਾਂ ਕੋਈ ਹੋਰ ਅੰਗ ਉਸ ਨੂੰ ਲੂਹ ਗਈ, ਇਹ ਬੁਝਾਰਤ ਹੈ।

ਸ. ਜਗਦੇਵ ਸਿੰਘ ਜੱਸੋਵਾਲ ਨੇ ਆਪਣੇ ਯਤਨਾਂ ਨਾਲ ਉਸ ਨੂੰ ਬਹੁਤ ਵਾਰ ਸਹੀ ਰਸਤੇ ਲਿਆਉਣ ਦੇ ਯਤਨ ਕੀਤੇ ਪਰ ਉਹ ਅੱਥਰਾ ਅਮੋੜ ਦਰਿਆ ਸੀ। ਪਰਿਵਾਰ ਨਾਲੋਂ ਕਿਉਂ ਤੇ ਕਦੋਂ ਟੁੱਟਿਆ? ਇਹ ਵੀ ਸਾਡੇ ਇਲਮ ਤੋਂ ਬਾਹਰੀ ਗੱਲ ਹੈ।

ਹਾਂ ਇਹ ਗੱਲ ਬਹੁਤ ਸਪੱਸ਼ਟ ਹੈ ਕਿ ਉਸ ਦਾ ਪਰਿਵਾਰ ਸਮਰਥਾਵਾਨ ਤੇ ਸਤਿਕਾਰਤ ਸੀ, ਲਿੱਸਾ ਨਿਤਾਣਾ ਨਹੀਂ। ਉਸਤਾਦ ਜਸਵੰਤ ਭੰਵਰਾ ਵੀ ਉਸ ਦੇ ਬੇਹੱਦ ਕਦਰਦਾਨ ਸਨ। ਨੈਸ਼ਨਲ ਮਿਊਜ਼ਿਕ ਕਾਲਿਜ ਘੰਟਾ ਘਰ ਚੌਂਕ ਲੁਧਿਆਣਾ ਵਿੱਚ ਉਹ ਅਕਸਰ ਮਿਲਦਾ।

ਘੁੰਡ ਵਿੱਚ ਨਹੀਂ ਲੁਕਦੇ
ਸੱਜਣਾਂ ਨੈਣ ਕੁਆਰੇ

ਦੀ ਤਰਜ਼ ਵੀ ਭੰਵਰਾ ਜੀ ਨੇ ਹੀ ਬਣਾਈ ਸੀ। ਹੋਰ ਵੀ ਅਨੇਕਾਂ ਗੀਤ ਉਸ ਦੀ ਅਜ਼ਮਤ ਨੂੰ ਵਡਿਆਉਂਦੇ ਹਨ। ਕੱਲ੍ਹ ਰਾਤ ਇਹ ਮੁਲਾਕਾਤ ਸੁਣ ਕੇ ਬਹੁਤ ਕੁਝ ਉੱਘੜ ਦੁੱਗੜਾ ਚੇਤੇ ਆਇਆ।

## ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਸਵ .ਸਾਥੀ ਰਣਬੀਰ ਸਿੰਘ ਢਿਲੋਂ ਦਾ 93 ਵਾਂ ਜਨਮ ਦਿਨ ਫਰੀਦਕੋਟ ਵਿਖੇ ਮਨਾਇਆ ਜਾਵੇਗਾ ਭਲਕੇ 15 ਅਕਤੂਬਰ ਨੂੰ :- ਪ੍ਰੇਮ ਚਾਵਲਾ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ



ਸਵ. ਸਾਥੀ ਰਣਬੀਰ ਸਿੰਘ ਢਿੱਲੋਂ
15 ਅਕਤੂਬਰ 1933---19 ਜੁਲਾਈ 2024

ਫਰੀਦਕੋਟ, 14 ਅਕਤੂਬਰ : ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਪ੍ਰਮੁੱਖ ਆਗੂ ਸਵ . ਸਾਥੀ ਰਣਬੀਰ ਸਿੰਘ ਢਿਲੋਂ ਜੀ ਦਾ 93 ਵਾਂ ਜਨਮ ਦਿਨ ਜ਼ਿਲ੍ਹਾ ਫਰੀਦਕੋਟ ਇਕਾਈ ਵੱਲੋਂ ਅਤੇ ਏਟਕ ਵਿੱਚ ਸ਼ਾਮਿਲ ਜਥੇਬੰਦੀਆਂ ਵੱਲੋਂ 15 ਅਕਤੂਬਰ ਦਿਨ ਵੀਰਵਾਰ ਨੂੰ ਸਵੇਰੇ ਠੀਕ 11 ਵਜੇ ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਭਵਨ ਫਰੀਦਕੋਟ ਵਿਖੇ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਪ .ਸ .ਸ. ਫ . ਅਤੇ ਏਟਕ ਵਿੱਚ ਸ਼ਾਮਿਲ ਵੱਖ ਵੱਖ ਜਥੇਬੰਦੀਆਂ ਦੇ ਆਗੂ ਪ੍ਰੇਮ ਚਾਵਲਾ, ਬਲਕਾਰ ਸਿੰਘ ਸਹੋਤਾ, ਪ੍ਰਦੀਪ ਸਿੰਘ ਬਰਾੜ, ਗੁਰਚਰਨ ਸਿੰਘ ਮਾਨ, ਅਮਰਜੀਤ ਕੌਰ ਰਣ ਸਿੰਘ ਵਾਲਾ, ਗੁਰਦੀਪ ਭੋਲਾ,ਹਰਪਾਲ ਸਿੰਘ ਮਚਾਕੀ, ਇਕਬਾਲ ਸਿੰਘ ਰਣ ਸਿੰਘ ਵਾਲਾ, ਸੋਮ ਨਾਥ ਅਰੋੜਾ, ਰਮੇਸ਼ ਢੈਪਈ ਅਤੇ ਇੰਦਰਜੀਤ ਸਿੰਘ ਗਿੱਲ ਨੇ ਦੱਸਿਆ ਹੈ ਕਿ ਇਸ ਸਮਾਗਮ ਦੌਰਾਨ ਸਾਥੀ ਰਣਬੀਰ ਸਿੰਘ ਢਿਲੋਂ ਜੀ ਵੱਲੋਂ ਆਪਣੇ ਜੀਵਨ ਕਾਲ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਮੰਗਾਂ ਦੀ ਪ੍ਰਾਪਤੀ ਲਈ ਨਿਭਾਏ ਗਏ ਮਹੱਤਵਪੂਰਨ ਰੋਲ ਅਤੇ ਉਹਨਾਂ ਦੇ ਜੀਵਨ ਨਾਲ ਸਬੰਧਤ ਵੱਖ ਵੱਖ ਯਾਦਾ ਸਾਂਝੀਆਂ ਕੀਤੀਆਂ ਜਾਣਗੀਆਂ ਅਤੇ ਸਾਥੀ ਰਣਬੀਰ ਸਿੰਘ ਢਿਲੋਂ ਜੀ ਦੀ ਤਸਵੀਰ ਸਾਹਮਣੇ ਫੁੱਲ ਮਾਲਾ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ। ਆਗੂਆਂ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਮੌਜੂਦਾ ਦੌਰ ਵਿੱਚ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਨੂੰ ਦਰਪੇਸ਼ ਚੁਣੌਤੀਆਂ ਸਬੰਧੀ ਅਤੇ ਸਾਂਝੀ ਤਾਲਮੇਲ ਕਮੇਟੀ ਵੱਲੋਂ ਭਗਵੰਤ ਮਾਨ ਸਰਕਾਰ ਦੇ ਖਿਲਾਫ ਉਲੀਕੇ ਗਏ ਐਕਸ਼ਨ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਕੀ ਕੀ ਅੱਖੀਂ ਡਿੱਠਾ ਅੰਮ੍ਰਿਤਸਰ ਸਾਹਿਬ ਵੱਲ ਜਾਂਦੇ ਹੋਏ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਸਵੱਛ ਭਾਰਤ ਅਭਿਆਨ ਭਾਰਤ ਸਰਕਾਰ ਵਲੋਂ 2 ਅਕਤੂਬਰ 2014 ਨੂੰ ਰਾਸ਼ਟਰ ਵਿਆਪੀ ਤੌਰ ਤੇ ਸ਼ੁਰੂ ਕੀਤਾ ਗਿਆ ਜਿਸ ਤਹਿਤ ਦੇਸ਼ ਅੰਦਰ ਖੁੱਲ੍ਹੇ 'ਚ ਸੌਚਾਲਯ ਮੁਕਤ ਕਰਨਾ , ਪਿੰਡਾਂ ਅਤੇ ਸਹਿਰਾਂ ਵਿੱਚ ਸਾਫ-ਸ਼ਫਾਈ ਰੱਖਣਾ ਅਤੇ ਠੋਸ ਕੱਚਰੇ ਦਾ ਸਹੀ ਪ੍ਰਬੰਧਨ ਕਰਨ ਦਾ ਉਦੇਸ਼ ਹੈ ।ਪਰ ਪਿਛਲੇ 12 ਸਾਲ ਵਿੱਚ ਸ਼ਹਿਰਾਂ ਅਥੇ ਪਿੰਡਾਂ ਦੀ ਸਫਾਈ ਦੇ ਰੱਖ-ਰਖਾਓ ਲਈ ਕੋਈ ਠੌਸ ਨੀਤੀ ਲਾਗੂ ਨਹੀਂ ਹੋਈ ਨਾ ਹੀ ਠੋਸ ਨਤੀਜੇ ਸਾਹਮਣੇ ਆਏ ਹਨ । ਜੇ ਪੰਜਾਬ ਦੀ ਗੱਲ ਕਰੀਏ ਤਾਂ ਸ਼ਹਿਰਾਂ ਅੰਦਰ ਕੂੜਾ ਪ੍ਰਬੰਧਨ ਦਾ ਮਾੜਾ ਹਾਲ ਹੈ ।ਗੰਦੇ ਨਾਲੀਆਂ ਦੇ ਅਤੇ ਮੀਂਹ ਦੇ ਪਾਣੀ ਦੀ ਨਿਕਾਸੀ ਠੀਕ ਤਰ੍ਹਾਂ ਨਹੀਂ ਹੋ ਰਹੀ ।ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਵਿਸ਼ਵ ਪੱਧਰ ਉੱਪਰ ਧਾਰਮਿਕ ਅਸਥਾਨਾਂ 'ਚੋਂ ਆਪਣੀ ਵਿਸ਼ੇਸ਼ ਪਹਿਚਾਣ ਰੱਖਣ ਸਦਕਾ ਵਰਲਡ ਬੁੱਕ ਆਫ ਰਿਕਾਰਜ਼ ਵਿੱਚ ਮਾਨਤਾ ਪ੍ਰਾਪਤ ਅਧਿਆਤਕ ਅਸਥਾਨ ਹੈ ਜਿਥੇ ਰੋਜ਼ਾਨਾ ਇੱਕ ਲੱਖ ਤੋਂ ਉੱਪਰ ਸਰਧਾਲੂ ਨਤਮਸਤਕ ਹੋ ਕੇ ਮਨ ਦੀ ਸਾਂਤੀ ਪ੍ਰਾਪਤ ਕਰਦੇ ਹਨ । ਪਿਛਲੇ ਦਿਨੀਂ ਸਿੱਖਾਂ ਦੀ ਰੂਹ ਨਾਲ ਜੁੜੇ ਪਵਿੱਤਰ ਇਤਿਹਾਸਕ ਕੇਂਦਰੀ ਸ਼ਹਿਰ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦਰਸ਼ਨ ਕਰਨ ਦਾ ਸਬੱਬ ਬਣਿਆ । ਥੋੜਾ ਮੀਂਹ ਪਿਆ ਹੋਇਆਂ ਸੀ , ਸੜਕਾਂ ਉੱਪਰ ਸਾਈਡਾਂ ਤੇ ਪਾਣੀ ਖੜ੍ਹਾ ਸੀ ਜੋ ਨਹੀਂ ਹੋਣਾ ਚਾਹੀਦਾ ਸੀ ।ਸੀਵਰੇਜ ਦਾ ਸਿਸਟਮ ਪਾਣੀ ਦੀ ਨਿਕਾਸੀ ਲਈ ਇਥੋਂ ਦੇ ਇੰਜਨੀਅਰਾਂ ਦੀ ਕਾਰਗੁਜ਼ਾਰੀ ਉੱਪਰ ਸਵਾਲੀਆ ਚਿੰਨ੍ਹ ਲਾਉਂਦਾ ਹੈ । ਚੌਰਾਸੀ ਦੇ ਦਰਬਾਰ ਸਾਹਿਬ ਉੱਪਰ ਭਾਰਤ ਸਰਕਾਰ ਦੀ ਫੌਜ ਵਲੋਂ ਕੀਤੇ ਹਮਲੇ ਤੋਂ ਬਾਂਅਦ ਸ੍ਰੀ ਦਰਬਾਰ ਸਾਬਿ ਦੁਆਲੇ ਗਲਿਆਰਾ ਯੋਜਨਾ ਤਹਿਤ ਕਿੰਨੇ ਹੀ ਰਿਹਾਇਸ਼ੀ ਅਤੇ ਕਮਰਸੀਅਲ ਥਾਵਾਂ ਨੂੰ ਢਾਹ ਕੇ ਉਨ੍ਹਾਂ ਦੇ ਮਾਲਕਾਂ ਨੂੰ ਕਰੌੜਾਂ ਰੁਪਏ ਮੁਆਵਜ਼ੇ ਦੇ ਰੂਪ ਵਿੱਚ ਦਿੱਤੇ ਪਰ ਸੰਗਤਾਂ ਦੀ ਸਹੂਲਤ ਲਈ ਸ਼ਹਿਰ ਦੀ ਸਫਾਈ ਰੱਖਣਾ , ਰਸਤੇ ਖੁੱਲ੍ਹੇਹ ਕਰਨਾ ਆਦਿ ਵੱਲ ਪ੍ਰਸ਼ਾਸ਼ਨ ਦਾ ਧਿਆਨ ਨਹੀਂ ਦਿੱਤਾ ਗਿਆ ।ਸ਼ਹਿਰ ਵਾਸੀਆਂ ਨੂੰ ਆਪਣੇ ਫਰਜ਼ ਨੂੰ ਪਛਾਣਦਿਆਂ ਖੁਦ ਆਪਣੇ ਚੌਗਿਰਦੇ ਦੀ ਸਫਾਈ ਰੱਖਣੀ ਚਾਹੀਦੀ ਹੈ , ਗਲੀਆਂ ,ਸੜਕਾਂ ਉੱਪਰ ਕਚਰਾ ਛੁੱਟਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ।

ਵਿਸ਼ਵ ਭਰ ਦੇ ਲੋਕ ਇਸ ਪਵਿੱਤਰ ਰੂਹਾਨੀਅਤ ਅਸਥਾਨ ਦੇ ਦਰਸ਼ਨ ਕਰਨ ਨੂੰ ਵੱਡਭਾਗੀ ਸਮਝਦੇ ਹਨ । ਕਿੰਨ੍ਹੇ ਹੀ ਦੇਸ਼ਾਂ ਦੇ ਪ੍ਰਧਾਨ ਮੰਤਰੀ , ਰਾਸਟਰਪਤੀ , ਉੱਚ ਅਹੁੱਦਿਆਂ ਤੇ ਬਿਰਾਜਮਾਨ ਅਤੇ ਹੋਰ ਅਨੇਕਾਂ ਸ਼ਖਸ਼ੀਅਤਾਂ ਸ੍ਰੀ ਹਰਮੰਦਰ ਸਹਿਬ ਵਿਖੇ ਨਤਮਸਤਕ ਹੋ ਚੁੱਕੀਆਂ ਹਨ ਅਤੇ ਰੋਜ਼ਾਨਾ ਹੋਰ ਰਾਜਾਂ ਅਤੇ ਬਾਹਰਲੇ ਦੇਸ਼ਾ ਤੋਂ ਸੰਗਤਾਂ ਆ ਰਹੀਆਂ ਹਨ । ਇਸ ਪਵਿੱਤਰ ਵਿਸ਼ਵ ਪ੍ਰਸਿੱਧੀ ਵਾਲੇ ਸ਼ਹਿਰ ਦੀ ਸਾਫ-ਸਫਾਈ , ਸੁੰਦਰਤਾ ਵਾਲੀ ਦਿੱਖ ਦੇਣ ਦਾ ਧਿਆਨ ਇਥੋਂ ਦੇ ਪ੍ਰਸ਼ਾਸ਼ਨ ਦਾ ਧਿਆਨ ਨਹੀਂ ਜਾਪਦਾ ।ਕੇਂਦਰ ਸਰਕਾਰ ਨੂੰ ਇਸ ਸਿੱਖ ਧਰਮ ਦੇ ਕੇਂਦਰੀ ਸਥਾਨ ਨੂੰ ਵਿਸ਼ੇਸ਼ ਪੈਕੇਜ਼ ਸਮੇਂ ਸਮੇਂ ਦੇ ਕੇ ਵਿਸ਼ਵ ਪੱਧਰ ਦੀਆਂ ਆਧੁਨਿਕ ਸਹੂਲਤਾਂ ਦੇ ਕੇ ਸਮੇਂ ਦੇ ਹਾਣ ਦਾ ਬਣਾਉਣ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ ।ਦੇਸ਼ ਦੇ ਪ੍ਰਧਾਨ ਮੰਤਰੀ ਬਾਹਰਲੇ ਦੇਸ਼ਾਂ ਦੇ ਸੈਂਕੜੇ ਦੌਰੇ ਕਰ ਚੁੱਕੇ ਹਨ, ਉਨ੍ਹਾਂ ਬਾਹਰਲੇ ਦੇਸ਼ਾਂ ਦੇ ਸ਼ਹਿਰਾਂ ਦੇ ਨਕਸ਼ੇ ਕਦਮਾਂ ਉੱਪਰ ਆਪਣੇ ਦੇਸ਼ ਦੇ ਇਹੋ ਜਿਹੇ ਪਵਿੱਤਰ ਸ਼ਹਿਰਾਂ ਦੀ ਦਿੱਖ ਨੂੰ ਅੰਤਰ-ਰਾਸਟਰੀ ਪੱਧਰ ਦੀ ਤਰ੍ਹਾਂ ਬਣਾਕੇ ਦੇਸ਼ ਦਾ ਨਾਂ ਉੱਚਾ ਕਰਨ ਨੂ ਪਹਿਲ ਦੇਣੀ ਚਾਹੀਦੀ ਹੈ ।

ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਦਰਬਾਰ ਸਾਹਿਬ ਤੱਕ ਆਉਂਦੇ ਰਸਤੇ ਵੀ ਵਧੀਆ ਨਹੀਂ ਹਨ । ਬਾਹਰਲੇ ਰਾਜਾਂ ਤੋਂ ਰੌਜ਼ਾਨਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ ਕਰਨ ਲਈ ਜੀ.ਟੀ. ਰੋਡ ਉਪਰੋਂ ਦਿਨ ਰਾਤ ਹਜ਼ਾਰਾਂ ਵਾਹਨ ਸਰਧਾਲੂਆਂ ਦੇ ਲੰਘਦੇ ਹਨ । ਜੇਕਰ ਦੋਰਾਹੇ ਤੋਂ ਲੁਧਿਆਣੇ ਤੋਂ ਗਿੱਲ ਰੋਡ ਵਾਲੇ ਬਾਹਰਲੇ ਬਾਈ ਪਾਸ ਰਾਹੀਂ ਸਿੱਧਾ ਫਿਲੌਰ ਨੂੰ ਨਿਕਲਦੇ ਹਾਂ ਤਾਂ ਪਹਿਲਾ ਟੋਲ ਪਲਾਜ਼ਾ ਚਾਹਰ ਆਉਂਦਾ ਹੈ , ਦੂਜਾ ਕਰੀਬ 6 ਕਿਲੋਮੀਟਰ ਦੀ ਦੂਰੀ ਤੇ ਫਿਲੌਰ ਲਾਗੇ ਲਾਡੋਵਾਲ ਟੌਲ, ਫਿਰ ਢਿਲਵਾਂ ਟੌਲ, ਅੱਗੇ ਨਿੱਝਰਪੁਰ ਟੌਲ ਆਉਂਦਾ ਹੈ । ਲੁਧਿਆਣੇ ਤੋਂ ਅੰਮ੍ਰਿਤਸਰ ਤੱਕ ਇੰਨੇ ਟੋਲ ਦੇ ਕੇ ਵੀ ਬਹੁਤ ਥਾਵਾਂ ਤੇ ਖੱਡਿਆਂ ਚੋਂ ਲੰਘਣਾ ਪੈਂਦਾ ਹੈ ।ਕਈ ਥਾਵਾਂ ਜਿਵੇਂ ਰਈਆ , ਟਾਂਗਰਾ ਆਦਿ ਨੇੜੇ ਪੁਲ ਅਧੂਰੇ ਜਾਂ ਅਜੇ ਬਣ ਰਹੇ ਹਨ ।ਰਈਆ ਕੋਲ ਸੜਕ ਦੇ ਕਿਨਾਰੇ ਲੰਬੀ ਦੂਰੀ ਤੱਕ ਝੌਂਪੜੀਆਂ ਵਾਲਿਆਂ ਨੇ ਸ਼ਾਇਦ ਰਾਹੀਆਂ ਲਈ ਸੁਹਾਵਣਾ ਦ੍ਰਿਸ਼ ਪੇਸ਼ ਕੀਤਾ ਹੋਇਆ ਹੈ ਜਿਸ ਵਿੱਚ ਦੁਕਾਨਦਾਰੀਆਂ ਵੀ ਦਿਖਾਈ ਦਿੰਦੀਆਂ ਹਨ । ਨਜਾਇਜ ਕਬਜੇ ਹੋਣ ਤੋਂ ਰੋਕਣ ਲਈ ਮਹਿਕਮਾ ਹੁਣ ਤਾਂ ਕੁੰਭ ਦੀ ਨੀਂਦ 'ਚ ਵਿਅਸਤ ਹੈ ਫਿਰ ਇਨ੍ਹਾਂ ਲੋਕਾਂ ਦੇ ਪੈਰ ਜੰਮਣ ਤੇ ਪੀਲਾ ਪੰਜਾ ਚੁੱਕਣ ਦੀਆਂ ਗੱਲਾਂ ਹੋਣਗੀਆਂ , ਸਰਕਾਰ ਦਾ ਵਿਰੋਧ ਹੋਵੇਗਾ । ਸੜਕ ਉੱਪਰ ਗੰਦਗੀ , ਮਿੱਟੀ ਦੇ ਢੇਰ ਬਾਹਰੋਂ ਆਉਂਦੇ ਸਰਧਾਲੂਆਂ ਦਾ ਆਮ ਸਵਾਗਤ ਕਰਦੇ ਹਨ ।ਸੜਕਾਂ ਦੀ ਮੇਨਟੀਨੇਂਸ ਵਾਲੀ ਕੋਈ ਗੱਲ ਨਹੀਂ ਦਿੱਸਦੀ ।ਸੜਕ ਦੇ ਦੁਆਲੇ ਪਾਣੀ ਦੀ ਨਿਕਾਸੀ ਲਈ ਜੋ ਸੀਵਰੇਜ਼ ਸੀਮੈਂਟ ਦੀਆਂ ਸਲੇਬਾਂ ਰੱਖ ਕੇ ਬਣਾਏ ਗਏ ਹਨ ਉਹ ਸ਼ੁਰੂ ਤੋਂ ਸੁਰੱਖਿਅਤ ਨਹੀਂ ਬਣੇ ਹੋਏ , ਹੁਣ ਤਾਂ ਬਹੁਤ ਥਾਵਾਂ ਤੋਂ ਅਣਢੱਕਿਆ ਪਿਆ ਹੈ , ਜਿਸ ਕਾਰਨ ਇਹ ਕੂੜਾਦਾਨ ਬਣ ਚੁੱਕੇ ਹਨ । ਜੋ ਵੀ ਸਲੈਬਾਂ ਹਨ ਉਹ ਖਸਤਾ ਹਾਲਤ 'ਚ ਹਨ , ਕੋਈ ਵੀ ਹਾਦਸਾ ਵਾਪਰ ਸਕਦਾ ਹੈ । ਰਸਤੇ ਵਿੱਚ ਆਉਂਦੇ ਕਸਬੇ ਅਤੇ ਸ਼ਹਿਰਾਂ ਦੀਆਂ ਹੱਦਾਂ ਤੱਕ ਜੋ ਜੰਗਲੇ ਵਾਹਨਾਂ ਦੀ ਸੇਫਟੀ ਲਈ ਲਾਏ ਸਨ ਉਹ ਬਹੁਤੇ ਦਿਖਾਈ ਨਹੀਂ ਦਿੰਦੇ , ਉਹ ਖਸਤਾ ਹਾਲਤ 'ਚ ਜੰਗਾਲ ਲੱਗੇ ਹਨ ਜਿਨ੍ਹਾ ਉੱਪਰ ਰੰਗ ਰੋਗਣ ਕਰਨ ਦੀ ਸ਼ਾਇਦ ਸਰਕਾਰਾਂ ਕੋਲ ਹਿੰਮਤ ਹੀ ਨਹੀਂ ਹੈ ਜਦੋਂ ਕਿ ਰੋਜ਼ਾਨਾ ਕਰੌੜਾਂ ਰੁਪਏ ਟੋਲਾਂ ਰਾਹੀਂ ਇੱਕਠੇ ਹੁੰਦੇ ਹਨ । ਸਿੱਖੀ ਦੇ ਧੁਰੇ ਨਾਲ ਜਾਣੇ ਜਾਂਦੇ ਇਸ ਇਤਿਹਾਸਕ ਸ਼ਹਿਰ ਦੇ ਦਰਸ਼ਨਾਂ ਲਈ ਬਾਹਰਲੇ ਦੇਸ਼ਾਂ ਤੋਂ ਨਿੱਤ ਆਉਂਦੀਆਂ ਸੰਗਤਾਂ ਦੇ ਮਨਾਂ 'ਚ ਸਰਕਾਰ ਵਲੋਂ ਪੰਜਾਬ ਦੇ ਵਿਕਾਸ ਦੀਆਂ ਗੱਲਾਂ ਨੂੰ ਝੂਠੇ ਪਾਉਣ ਦੀ ਗੱਲ ਜਰੂਰ ਲੱਗੇਗੀ ।ਘੱਟੋ-ਘੱਟ ਇਸ ਜਰਨੈਲੀ ਸੜਕ ਦੀ ਸੁੰਦਰੀਕਰਨ ਵਾਲੀ ਹਰਿਆਵਲ ਦਿੱਖ ਪ੍ਰਦਾਨ ਤਾਂ ਸਰਕਾਰ ਪਹਿਲ ਦੇ ਆਧਾਰ ਉੱਪਰ ਕਰੇ ।ਰਮਦਾਸ, ਅਜਨਾਲਾ , ਅੰਮ੍ਰਿਤਸਰ ਰੋਡ ਲੰਬੇ ਸਮੇਂ ਤੋਂ ਬਣ ਰਹੀ ਸੀ ਭਾਵੇਂ ਹੁਣ ਤਕਰੀਬਨ ਬਣ ਚੁੱਕੀ ਹੈ ਪਰ ਕਈ ਥਾਵਾਂ ਤੋਂ ਟੁੱਟ ਵੀ ਗਈ ਹੈ , ਕਿਤੇ ਕਿਤੇ ਅਧੂਰੀ ਵੀ ਕਸਿ ਕਾਰਨਾਂ ਕਰਕੇ ਅਧੂਰੀ ਵੀ ਪਈ ਹੈ । ਤੇਜ਼ ਸਪੀਡ ਤੇ ਆਉਂਦੇ ਵਹੀਕਲ ਅਚਾਨਕ ਇਹੋ ਜਿਹੇ ਥਾਵਾਂ ਤੇ ਕੰਟਰੋਲ ਕਰਨੇ ਸੰਭਵ ਨਹੀਂ ਜਿਸ ਸਦਕਾ ਦੁਰਘਟਨਾ ਵਾਪਰਨ ਦਾ ਡਰ ਰਹਿੰਦਾ ਹੈ । ਰਾਜ ਅੰਦਰ ਮੇਨ ਸੜਕਾਂ ਤੇ ਉੱਚਿਤ ਥਾਵਾਂ ਤੇ ਚਿੱਟੀਆਂ,ਪੀਲੀਆਂ,ਕਾਲੀਆਂ,ਪੱਟੀਆਂ ਦੇ ਨਿਸ਼ਾਨ ਅਧੂਰੇ ਪਏ ਰਹਿੰਦੇ ਹਨ,ਜੋ ਦੁਰਘਟਨਾਵਾਂ ਨੂੰ ਸੱਦਾ ਦਿੰਦੇ ਹਨ।ਉੱਚਿਤ ਥਾਵਾਂ ਉੱਪਰ ਐਂਟਰੀਆਂ ਅਤੇ ਬਾਹਰ ਦੇ ਰਸਤਿਆਂ ਨੂੰ ਦਰਸਾਉਣ ਲਈ ਸਾਈਨ ਬੋਰਡ ਥੌੜੀ ਦੂਰੀ ਤੋਂ ਪਹਿਲਾਂ ਲਾਏ ਜਾਣੇ ਚਾਹੀਦੇ ਹਨ ਤਾਂ ਜੋ ਇਕਦਮ ਬਰੇਕ ਨਾ ਲਾਉਣੇ ਪੈਣ ਜਿਸ ਨਾਲ ਹਾਦਸੇ ਦੀ ਸੰਭਾਵਨਾ ਤੋਂ ਬਚਿਆ ਜਾ ਸਕਦਾ ਹੈ ।ਇਸ ਨਾਲ ਕੋਈ ਗਲਤ ਥਾਂ ਜਾਂ ਰਸਤੇ ਤੇ ਵੀ ਨਾ ਜਾ ਸਕੇਗਾ ਅਤੇ ਸਮੇਂ ਦੀ ਬਰਬਾਦੀ ਨਹੀਂ ਹੋਵੇਗੀ ।ਸੋ ਸਰਕਾਰ ਨੂੰ ਇਨ੍ਹਾਂ ਸੜਕਾਂ ਦੀਆਂ ਬਣਦੀਆਂ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਨੂੰ ਪਹਿਲ ਦੇ ਆਧਾਰ ਤੇ ਸੜਕਾਂ ਬਣਾਉਣ ਵਾਲੀਆਂ ਕੰਪਨੀਆਂ / ਠੇਕੇਦਾਰਾਂ ਤੋਂ ਜਰੂਰੀ ਕੰਮ ਸਖਤੀ ਨਾਲ ਕਰਵਾਉਣੇ ਚਾਹੀਦੇ ਹਨ ਤਾਂ ਜੋ ਕਿਸੇ ਕਿਸਮ ਦੇ ਹਾਦਸੇ ਨਾ ਵਾਪਰਨ , ਘੱਟੋ-ਘੱਟ ਇਤਿਹਾਸਕ ਪਵਿੱਤਰ ਅਸਥਾਨਾਂ ਨੂੰ ਜੋੜਦੇ ਰਸਤੇ ਤਾਂ ਸਾਫ ਸੁੱਥਰੇ ਹੋਣੇ ਚਾਹੀਦੇ ਹਨ ।

## ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਨਰਾਤਿਆਂ ਮੌਕੇ ਰੋਜ਼ਾਨਾ ਸਜ ਰਹੀ ਹੈ ਮਾਤਾ ਦੀ ਚੌਂਕੀ, ਸ਼ਰਧਾਲੂ ਕਰ ਰਹੇ ਹਨ ਗੁਣਗਾਨ

### ਪਹਿਲੀ ਵਾਰ ਮਾਤਾ ਕੀ ਚੌਂਕੀ ਦੇ ਆਯੋਜਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮੰਦਰ ਦੀ ਸਲਾਹਕਾਰ ਪ੍ਰਬੰਧਕੀ ਕਮੇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ- ਹਰਪਾਲ ਜੁਨੇਜਾ

### ਨਰਾਤੇ ਸ਼ਰਧਾ, ਭਗਤੀ ਅਤੇ ਆਸਥਾ ਦਾ ਪ੍ਰਤੀਕ- ਜੁਨੇਜਾ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 14 ਅਕਤੂਬਰ: ਪਟਿਆਲਾ ਦੇ ਇਤਿਹਾਸਕ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਅੱਸੂ ਦੇ ਨਰਾਤਿਆਂ ਦੌਰਾਨ ਮਾਤਾ ਰਾਣੀ ਦੇ ਦਰਸ਼ਨਾਂ ਲਈ ਵੱਡੀ ਗਿਣਤੀ ਵਿੱਚ ਸ਼ਰਧਾਲੂ ਨਤਮਸਤਕ ਹੋ ਰਹੇ ਹਨ। ਅੱਜ ਤੀਜੇ ਨਰਾਤੇ ਮੌਕੇ ਵੀ ਸ਼ਰਧਾਲੂਆਂ ਨੇ ਮਾਤਾ ਦੇ ਦਰਬਾਰ ਵਿੱਚ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਨਰਾਤਿਆਂ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਮੰਦਰ ਦੇ ਬਾਹਰ ਮਾਲ ਰੋਡ ਵਿਖੇ ਰੋਜ਼ਾਨਾ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਮਾਤਾ ਕੀ ਚੌਂਕੀ ਸਜਾਈ ਜਾ ਰਹੀ ਹੈ, ਜਿਸ ਦੌਰਾਨ ਭਜਨਾਂ ਰਾਹੀਂ ਮਾਤਾ ਰਾਣੀ ਦਾ ਗੁਣਗਾਨ ਕੀਤਾ ਜਾਂਦਾ ਹੈ। ਇਸ ਧਾਰਮਿਕ ਆਯੋਜਨ ਦੌਰਾਨ ਸ਼ਰਧਾਲੂ ਭਗਤੀ-ਭਾਵ ਨਾਲ ਭਜਨ ਗਾ ਕੇ ਮਾਤਾ ਰਾਣੀ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰ ਰਹੇ ਹਨ।

ਇਸ ਮੌਕੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਸਮੇਤ ਮੰਦਰ ਦੀ ਸਲਾਹਕਾਰ ਪ੍ਰਬੰਧਕੀ ਕਮੇਟੀ ਦੇ ਮੈਂਬਰ ਸੀ.ਏ. ਅਜੇ ਅਲੀਪੁਰੀਆ, ਡਾ. ਰਾਜ ਕੁਮਾਰ ਗੁਪਤਾ ਅਤੇ ਸੰਜੇ ਸਿੰਗਲਾ ਵੀ ਹਾਜ਼ਰ ਸਨ।

ਐਡਵੋਕੇਟ ਹਰਪਾਲ ਜੁਨੇਜਾ ਨੇ ਇੱਥੇ ਪਹਿਲੀ ਵਾਰ ਮਾਤਾ ਕੀ ਚੌਂਕੀ ਦੇ ਆਯੋਜਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਮੰਦਰ ਦੀ ਸਲਾਹਕਾਰ ਪ੍ਰਬੰਧਕੀ ਕਮੇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਨਰਾਤੇ ਸ਼ਰਧਾ, ਭਗਤੀ ਅਤੇ ਆਸਥਾ ਦਾ ਪ੍ਰਤੀਕ ਹਨ ਅਤੇ ਮਾਤਾ ਕੀ ਚੌਂਕੀ ਵਰਗੇ ਧਾਰਮਿਕ ਆਯੋਜਨ ਸ਼ਰਧਾਲੂਆਂ ਨੂੰ ਆਪਣੀ ਆਸਥਾ ਨਾਲ ਜੁੜਨ ਦਾ ਸੁੰਦਰ ਮੌਕਾ ਪ੍ਰਦਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਮੰਦਰ ਵਿਖੇ ਨਤਮਸਤਕ ਹੋਣ ਆ ਰਹੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਹੈ ਅਤੇ ਭਜਨਾਂ ਰਾਹੀਂ ਮਾਤਾ ਰਾਣੀ ਦਾ ਗੁਣਗਾਨ ਕਰਨ ਨਾਲ ਸਮੁੱਚਾ ਮਾਹੌਲ ਭਗਤੀਮਈ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਮੰਦਰ ਕੰਪਲੈਕਸ ਵਿੱਚ ਲੰਗਰ ਦੇ ਵੀ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਨਵੇਂ ਬਣੇ ਲੰਗਰ ਹਾਲ ਵਿੱਚ ਸੰਗਤ ਆਰਾਮ ਨਾਲ ਬੈਠ ਕੇ ਲੰਗਰ-ਪ੍ਰਸ਼ਾਦ ਗ੍ਰਹਿਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰਬੰਧਾਂ ਨਾਲ ਦੂਰ-ਦੁਰਾਡੇ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਸਹੂਲਤ ਮਿਲ ਰਹੀ ਹੈ।

ਐਡਵੋਕੇਟ ਜੁਨੇਜਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਪੁਨਰ-ਨਿਰਮਾਣ ਅਤੇ ਸੁੰਦਰੀਕਰਨ ਲਈ ਲਗਭਗ 85 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੰਦਰ ਦੇ ਵਿਕਾਸ ਅਤੇ ਸ਼ਰਧਾਲੂਆਂ ਦੀਆਂ ਸਹੂਲਤਾਂ ਵਿੱਚ ਕੀਤੇ ਗਏ ਸੁਧਾਰਾਂ ਨਾਲ ਇਸ ਇਤਿਹਾਸਕ ਧਾਰਮਿਕ ਅਸਥਾਨ ਦੀ ਮਹੱਤਤਾ ਹੋਰ ਉਜਾਗਰ ਹੋਈ ਹੈ। ਉਨ੍ਹਾਂ ਕਿਹਾ ਕਿ ਮਾਤਾ ਰਾਣੀ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਸੁਚੱਜੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਅਹਿਮ ਹੈ, ਤਾਂ ਜੋ ਉਹ ਸ਼ਰਧਾ ਅਤੇ ਸ਼ਾਂਤੀ ਨਾਲ ਮੱਥਾ ਟੇਕ ਸਕਣ।